ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿ)ਪੰਜਾਬ, ਐਸ.ਏ.ਐਸ ਨਗਰ।

ਅਮਲਾ-2 ਸਾਖਾ

ਹੁਕਮ ਨੰ: 19/4-2010 ਅ-2 (4,8)
ਮਿਤੀ: ਸ.ਅ.ਸ. ਨਗਰ; 30-12-2015

ਪ੍ਰਮੁੱਖ ਸਕੱਤਰ,ਪੰਜਾਬ ਸਰਕਾਰ ਸਿੱਖਿਆ ਵਿਭਾਗ (ਸਿਖਿਆ-5 ਸਾਖਾ) ਦੇ ਪੱਤਰ ਨੰ: 19/104/2014-5ਸਿ5/452756/2 ਮਿਤੀ 01-04-2015 ਰਾਂਹੀ ਗਠਿਤ ਕੀਤੀ ਗਈ ਸਕਰੀਨਿੰਗ ਕਮੇਟੀ ਦੀ ਸਿਫਾਰਸ ਅਨਸਾਰ ਹੇਠ ਲਿਖੇ ਜੇ.ਬੀ.ਟੀ./ਈ.ਟੀ.ਟੀ. ਅਧਿਆਪਕ/ਅਧਿਆਪਕਾਵਾਂ ਨੂੰ ਬਤੌਰ ਮਾਸਟਰ/ਮਿਸਟ੍ਰੈਸ ਪੇ ਬੈਂਡ ਰੁਪਏ 10300-34800 (ਗ੍ਰੇਡ ਪੇ ਰੁਪਏ 5000) ਦੇ ਗ੍ਰੇਡ ਵਿੱਚ ਆਰਜੀ ਤੌਰ ਤੇ ਮਾਸਟਰ/ਮਿਸਟ੍ਰੇਸ ਕਾਡਰ ਵਿੱਚ ਹੇਠ ਲਿਖੀਆਂ ਸ਼ਰਤਾਂ ਤਹਿਤ ਤਰੱਕੀ ਦਿੱਤੀ ਜਾਂਦੀ ਹੈ;

| ਲੜੀ ਨੰ | ਕਰਮਚਾਰੀ ਦਾ ਨਾਮ | ਮੌਜੂਦਾ ਨਿਯੁਕਤੀ ਦਾ ਸਥਾਨ (ਸਪਸ) | ਬਲਾਕ | ਜਿਲ੍ਹਾ | ਕੈਟਾਗਰੀ | ਨਿਯੁਕਤੀ ਦੀ ਮਿਤੀ | ਵਿਸਾ | ਵਿਸ਼ੇਸ਼ ਕਥਨ |
|---|---|---|---|---|---|---|---|---|
| 1 | ਨੀਤੂ ਸਰਮਾ | ਮਕਸੂਦਾਂ | ਪੱਛਮੀ 2 | ਜਲੰਧਰ | ਜਨਰਲ | 15-9-1997 | ਸਾਇੰਸ | |
| 2 | ਹਰਜਿੰਦਰ ਸਿੰਘ | ਝੁੱਗੇ ਛਿੱਲੀਆਂ | ਗੁਰੂ ਹਰਸਹਾਏ 2 | ਫਿਰੋਜ਼ਪੁਰ | ਐਸ.ਸੀ. | 28-11-1997 | ਸਾਇੰਸ | |
| 3 | ਅੰਜੂ ਸਰਮਾਂ | ਕਾਲਾਨੰਗਲ | ਗੁਰਦਾਸਪੁਰ 2 | ਗੁਰਦਾਸਪੁਰ | ਜਨਰਲ | 6-4-1998 | ਸਾਇੰਸ | |
| 4 | ਬ੍ਰਹਮਜੋਤ ਕੌਰ | ਸਾਮਪੁਰ | ਖਰੜ 1 | ਸਅਸ ਨਗਰ | ਜਨਰਲ | 7-12-2001 | ਸਾਇੰਸ | |
| 5 | ਨੀਰੂ ਬਾਲਾ | ਨਿਆਂ ਸਹਿਰ | ਖਰੜ 1 | ਸਅਸ ਨਗਰ | ਜਨਰਲ | 10-12-2001 | ਸਾਇੰਸ | |
| 6 | ਰਜਨੀ ਸਹਿਗਲ | ਪਲਾਹੀ ਗੇਟ | ਫਗਵਾੜਾ | ਕਪੂਰਥਲਾ | ਜਨਰਲ | 11-12-2001 | ਸਾਇੰਸ | |
| 7 | ਮੁਨੀਸ ਕੁਮਾਰ | ਅੱਕੂਵਾਲ | ਸਿੱਧਵਾ ਬੇਟ | ਲੁਧਿਆਣਾ | ਜਨਰਲ | 14-12-2001 | ਸਾਇੰਸ | |
| 8 | ਸੁਮਨ ਰਾਣੀ | ਮਾਨਕਵਾਲ | ਲੁਧਿਆਣਾ 1 | ਲੁਧਿਆਣਾ | ਜਨਰਲ | 24-12-2001 | ਸਾਇੰਸ | |
| 9 | ਕੰਵਲਜੀਤ ਕੌਰ | ਲੰਮਾ ਪਿੰਡ | ਪੂਰਬੀ ਜਲੰਧਰ 1 | ਜਲੰਧਰ | ਜਨਰਲ | 28-12-2001 | ਸਾਇੰਸ | |
| 10 | ਪ੍ਰੋਮਿਲਾ | ਜਵਾਹਰ ਨਗਰ (ਕੁ) | ਮਾਂਗਟ 1 | ਲੁਧਿਆਣਾ | ਜਨਰਲ | 28-12-2001 | ਸਾਇੰਸ | |
| 11 | ਮੋਨਿਕਾ ਸੂਦ | ਮਾਹਣਾ ਸਿੰਘ (ਲੜਕੇ) | ਅੰਮ੍ਰਿਤਸਰ 1 | ਅੰਮ੍ਰਿਤਸਰ | ਜਨਰਲ | 2-1-2002 | ਸਾਇੰਸ | |
| 12 | ਪਰਮਿੰਦਰ ਕੌਰ | ਜੰਡ | ਪੱਖੋਵਾਲ | ਲੁਧਿਆਣਾ | ਜਨਰਲ | 11-1-2002 | ਸਾਇੰਸ | |

| ਲੜੀ ਨੰ | ਕਰਮਚਾਰੀ ਦਾ ਨਾਮ | ਮੌਜੂਦਾ ਨਿਯੁਕਤੀ ਦਾ ਸਥਾਨ (ਸਪਸ) | ਬਲਾਕ | ਜਿਲ੍ਹਾ | ਕੈਟਾਗਰੀ | ਨਿਯੁਕਤੀ ਦੀ ਮਿਤੀ | ਵਿਸ਼ਾ | ਵਿਸ਼ੇਸ਼ ਕਥਨ |
|---|---|---|---|---|---|---|---|---|
| 13 | ਮੀਨਾਕਸੀ ਸਰਮਾ | ਬੜਾ ਪਿੰਡ ਅੱਪਰ | ਰੋਪੜ 1 | ਰੂਪਨਗਰ | ਜਨਰਲ | 11-1-2002 | ਸਾਇੰਸ | |
| 14 | ਦੀਪਕ ਕੁਮਾਰ | ਖੰਨਾ-8 | ਖੰਨਾ-1 | ਲੁਧਿਆਣਾ | ਬੀ. ਸੀ. (ਹ/ਕ) | 14-2-2002 | ਸਾਇੰਸ | |
| 15 | ਗੁਰਦੇਵ ਸਿੰਘ | ਬੁਚੜੇ ਕਲਾਂ | ਸਰਹਿੰਦ-1 | ਫਤਿਹਗੜ੍ਹ ਸਾਹਿਬ | ਬੀ.ਸੀ. | 8-4-2002 | ਸਾਇੰਸ | |
| 16 | ਜਸਵੀਰ ਕੌਰ | ਪਿਲਖਣੀ | ਰਾਜਪੁਰਾ 1 | ਪਟਿਆਲਾ | ਬੀ.ਸੀ. | 8-4-2002 | ਸਾਇੰਸ | |
| 17 | ਕੁਲਜਿੰਦਰ ਕੌਰ | ਸੰਗਤਪੁਰ ਸੋਢੀਆਂ | ਸਰਹਿੰਦ-2 | ਫਤਿਹਗੜ੍ਹ ਸਾਹਿਬ | ਬੀ.ਸੀ. | 9-4-2002 | ਸਾਇੰਸ | |
| 18 | ਸਲਵਿੰਦਰ ਕੌਰ | ਸਾਂਡਪੁਰ | ਤਲਵਾੜਾ | ਹੁਸ਼ਿਆਰਪੁਰ | ਐਸ.ਸੀ. | 30-4-2002 | ਸਾਇੰਸ | |
| 19 | ਮਨੀਸਾ ਰਾਣੀ | ਢਕੋਲਾ | ਡੇਰਾਬਸੀ-1 | ਸਅਸ ਨਗਰ | ਜਨਰਲ | 30-4-2002 | ਸਾਇੰਸ | |
| 20 | ਅਰੁਣ ਵਿਜੇ | ਭੁਟਾਲ ਕਲ੍ਹਾਂ | ਲਹਿਰਾਗਾਗਾ | ਸੰਗਰੂਰ | ਜਨਰਲ | 2-5-2002 | ਸਾਇੰਸ | |
| 21 | ਰਣਜੀਤ ਕੌਰ | ਜੰਡਿਆਲਾ | ਬੁਲੋਵਾਲ | ਹੁਸ਼ਿਆਰਪੁਰ | ਐਸ.ਸੀ. | 3-5-2002 | ਸਾਇੰਸ | |

ਸ਼ਰਤਾਂ

1. ਸਬੰਧਿਤ ਕਰਮਚਾਰੀ/ਕਰਮਚਾਰਨ ਮਾਨਤਾ ਪ੍ਰਾਪਤ ਯੂਨੀਵਰਸਿਟੀ ਤੋਂ ਬੀ.ਏ./ ਬੀ.ਐਸ.ਸੀ./ ਬੀ.ਐਡ./ਬੀ.ਪੀ.ਐਡ./ਡੀਪੀਐਡ ਪਾਸ ਹੋਵੇ ਅਤੇ ਸਮੇਂ-ਸਮੇਂ ਤੇ ਜਾਰੀ ਕੀਤੀਆਂ ਹਦਾਇਤਾਂ/ਨਿਯਮਾਂ ਅਨੁਸਾਰ ਵਿਸ਼ਾ ਜੋੜ ਦੀ ਸ਼ਰਤ ਪੂਰੀ ਕਰਦਾ/ਕਰਦੀ ਹੋਵੇ।
2. ਤਰੱਕੀ ਉਪਰੰਤ ਪੋਸਟਿੰਗ ਵਾਲੀ ਥਾਂ ਤੇ ਹਾਜ਼ਰ ਕਰਾਉਣ ਤੋਂ ਪਹਿਲਾਂ ਸਬੰਧਿਤ ਜ਼ਿਲ੍ਹਾ ਸਿੱਖਿਆ ਅਫਸਰ ਉਸ ਦਾ ਅਪ-ਟੂ-ਡੇਟ ਸੇਵਾ ਰਿਕਾਰਡ ਚੈਕ ਕਰਨਗੇ, ਰਿਕਾਰਡ ਤਸੱਲੀ ਬਖਸ ਨਾ ਹੋਣ ਦੀ ਸੂਰਤ ਵਿੱਚ ਹਾਜ਼ਰ ਨਾ ਕਰਵਾਇਆ ਜਾਵੇ ਸਗੋਂ ਇਸ ਬਾਰੇ ਸੂਚਨਾ ਡਾਇਰੈਕਟੋਰੇਟ ਨੂੰ ਭੇਜੀ ਜਾਵੇ।
3. ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਨੋਟੀਫਿਕੇਸ਼ਨ ਨੰ: ਜੀ.ਐਸ.ਆਰ-33, ਕ.ਸ.2/ਆਰਟੀ 309/94 ਮਿਤੀ 04-05-1994 ਦੇ ਨਿਯਮ 18 ਅਧੀਨ ਕਰਮਚਾਰੀ/ਕਰਮਚਾਰਨ ਸਬੰਧਤ ਜਿਲਾ ਸਿੱਖਿਆ ਅਫਸਰ (ਸੈ:ਸਿ) ਵਿਖੇ ਮਿਤੀ 31-12-2015, 01-01-2016 ਅਤੇ 02-01-2016 ਨੂੰ ਹਾਜਰ ਹੋਣਗੇ ਅਤੇ ਆਪਣੀ ਹਾਜਰੀ ਰਿਪੋਰਟ ਪੇਸ ਕਰਨਗੇ। ਜਿਲਾ ਸਿੱਖਿਆ ਅਫਸਰ (ਸੈ:ਸਿੱ:) ਇਹ ਸੁਨਿਸਿਚਤ ਕਰਨਗੇ ਕਿ ਮਿਤੀ 02-01-2016 ਨੂੰ ਦਫਤਰ ਖੁੱਲੇ ਰੱਖਣਗੇ ਅਤੇ ਜਿਲਾ ਸਿੱਖਿਆ ਅਫਸਰਾਂ (ਸੈ:ਸਿ) ਦੇ ਨੁਮਾਇੰਦੇ ਹਾਜਰੀ ਰਿਪੋਰਟਾਂ ਲੈ ਕੇ ਸਟੇਸਨ ਚੋਣ ਵਾਲੇ ਦਿਨਾਂ ਨੂੰ ਡਾਇਰੈਕਟੋਰੇਟ ਵਿਖੇ ਹਾਜਰ ਹੋਣਗੇ। ਨਿਸ਼ਚਿਤ ਸਮੇਂ ਦੇ ਅੰਦਰ ਅੰਦਰ ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਸਬੰਧਿਤ ਕਰਮਚਾਰੀ/ਕਰਮਚਾਰਨ ਨੂੰ ਇੱਕ ਸਾਲ ਦੇ ਸਮੇਂ ਲਈ ਉਕਤ ਨੋਟੀਫਿਕੇਸ਼ਨ ਦੀ ਰੋਸ਼ਨੀ ਵਿੱਚ ਡੀਬਾਰ ਸਮਝਿਆ ਜਾਵੇਗਾ।
4. ਇਹ ਤਰੱਕੀ ਦੇ ਹੁਕਮ ਤੱਥਾਂ ਦੇ ਗਲਤ ਸਾਬਤ ਹੋਣ ਜਾਂ ਸਬੰਧਿਤ ਕਰਮਚਾਰੀ ਵੱਲੋਂ ਗਲਤ ਵੇਰਵੇ ਦੇਣ ਕਾਰਨ, ਉਸ ਤੋਂ ਸੀਨੀਅਰ ਕਰਮਚਾਰੀ/ਕਰਮਚਾਰਨ ਵੱਲੋਂ ਤਰੱਕੀ ਦੀ ਮੰਗ ਕਰਨ ਤੇ ਜਾਂ ਕੰਮ ਆਚਰਣ ਤਸੱਲੀ ਬਖਸ਼ ਨਾ ਹੋਣ ਕਾਰਨ ਬਿਨਾਂ ਨੋਟਿਸ ਦਿੱਤੇ ਰੱਦ ਕਰ ਦਿੱਤੇ ਜਾਣਗੇ ਅਤੇ ਕਰਮਚਾਰੀ/ਕਰਮਚਾਰਨ ਨੂੰ ਇਸ ਸਬੰਧ ਵਿੱਚ ਦਿੱਤੇ ਗਏ ਹਰ ਤਰਾਂ ਦੇ ਵਿੱਤੀ ਲਾਭ ਰਿਕਵਰ ਕਰ ਲਏ ਜਾਣਗੇ।
5. ਸਬੰਧਿਤ ਕਰਮਚਾਰੀ/ਕਰਮਚਾਰਨ ਦੀ ਮਾਸਟਰ/ਮਿਸਟ੍ਰੇਸ ਕਾਡਰ ਵਿੱਚ ਸੀਨੀਅਰਤਾ ਨਿਯਮਾਂ ਅਨੁਸਾਰ ਫਿਕਸ ਕੀਤੀ ਜਾਵੇਗੀ।
6. ਸਬੰਧਿਤ ਕਰਮਚਾਰੀ/ਕਰਮਚਾਰਨ ਵਿਰੁੱਧ ਕੋਈ ਸ਼ਿਕਾਇਤ/ਪੜਤਾਲ ਪੈਂਡਿੰਗ ਨਾ ਹੋਣ ਦੀ ਸੂਰਤ ਵਿੱਚ ਹੀ ਉਸ ਨੂੰ ਤਰੱਕੀ ਉਪਰੰਤ ਪੋਸਟਿੰਗ ਵਾਲੀ ਥਾਂ ਤੇ ਹਾਜ਼ਰ ਕਰਵਾਇਆ ਜਾਵੇ।
7. ਜੇਕਰ ਸਬੰਧਿਤ ਕਰਮਚਾਰੀ/ਕਰਮਚਾਰਨ ਨਿਸ਼ਚਿਤ ਸਮੇਂ ਦੇ ਅੰਦਰ-ਅੰਦਰ ਆਪਣੀ ਤਰੱਕੀ ਅਵੇਲ ਨਹੀਂ ਕਰਦਾ ਤਾਂ ਇਸ ਸਬੰਧੀ ਇੰਦਰਾਜ ਸਮਰੱਥ ਅਧਿਕਾਰੀ (ਡੀ.ਡੀ.ਓਜ਼.) ਉਸ ਦੀ ਸੇਵਾ ਪੱਤਰੀ ਵਿੱਚ ਕਰੇਗਾ।

8. ਜੇਕਰ ਕਿਸੇ ਕਾਰਨ ਵੱਖ-ਵੱਖ ਕਾਡਰਾਂ ਵਿੱਚ ਇਨ੍ਹਾਂ ਪਦ ਉਨਤ ਕਰਮਚਾਰੀਆਂ ਤੋਂ ਸੀਨੀਅਰ ਕਰਮਚਾਰੀ ਤਰੱਕੀ ਲੈਣ ਤੋਂ ਵਾਂਝਾ ਰਹਿ ਜਾਵੇ ਅਤੇ ਉਸ ਦੀ ਤਰੱਕੀ ਕਾਰਨ ਕਿਸੇ ਕਰਮਚਾਰੀ ਨੂੰ ਰਿਵਰਟ ਕਰਨਾ ਪਿਆ ਤਾਂ ਉਸ ਨੂੰ ਬਿਨਾਂ ਨੋਟਿਸ ਦਿੱਤੇ ਰੀਵਰਟ ਕਰ ਦਿੱਤਾ ਜਾਵੇਗਾ।

9. ਇਹ ਤਰੱਕੀ ਇੱਕ ਸਾਲ ਦੇ ਸਮੇਂ ਲਈ ਪ੍ਰੋਬੇਸ਼ਨ ਤੇ ਹੋਵੇਗੀ।

10. ਕਿਸੇ ਵੀ ਪ੍ਰੋਮੋਟੀ ਕਰਮਚਾਰੀ/ਕਰਮਚਾਰਨ ਨੂੰ ਪਿਛਲੇ ਪੰਜ ਸਾਲਾਂ ਤੋਂ ਤਰੱਕੀ ਦੀ ਮਿਤੀ ਤੱਕ ਸਜਾ ਅਤੇ ਅਪੀਲ ਰੂਲਜ਼ 1970 ਅਧੀਨ ਕੋਈ ਵੀ ਸਜਾ ਨਾ ਦਿੱਤੀ ਗਈ ਹੋਵੇ।

11. ਇਹ ਸੁਨਿਸਚਿਤ ਕੀਤਾ ਜਾਵੇਗਾ ਕਿ ਜਿਹਨਾਂ ਕਰਮਚਾਰੀਆਂ ਨੇ ਵਿਭਾਗੀ ਸੇਵਾ ਦੌਰਾਨ ਵਿਦਿਅਕ ਯੋਗਤਾਵਾਂ ਹਾਸਲ ਕੀਤੀਆਂ ਹਨ ਉਹਨਾਂ ਨੇ ਵਿਭਾਗੀ ਮਨਜ਼ੂਰੀ ਲਈ ਹੋਵੇ ਅਤੇ ਇਹ ਚੈਕ ਕਰ ਲਈ ਜਾਵੇ।

12. ਜੇਕਰ ਕੋਈ ਹੋਰ ਜੇ.ਬੀ.ਟੀ/ਈ.ਟੀ.ਟੀ/ਸੀ.ਐਡ ਵੀ ਕਾਡਰ ਦੇ ਅਧਿਆਪਕ ਉਪਰੋਕਤ ਵਿਸਿਆ ਵਿਚ ਪੱਦ ਉੱਨਤੀ ਦੀਆਂ ਸਰਤਾਂ ਪੂਰੀ ਕਰਦਾ ਹੈ ਤੇ ਉਸ ਦੀਆਂ ਵਿਦਿਅਕ ਯੋਗਤਾਵਾਂ ਕੱਟ ਆਫ ਡੇਟ ਮਿਤੀ 21-02-2014 ਤੋਂ ਪਹਿਲਾਂ ਦੀਆਂ ਹਨ ਅਤੇ ਉਹ ਪਦ ਉੱਨਤੀ ਕੀਤੇ ਜਾ ਰਹੇ ਅਧਿਆਪਕਾਂ ਤੋਂ ਸੀਨੀਅਰ ਹੈ ਤਾਂ ਅਜਿਹਾ ਕਰਮਚਾਰੀ ਆਪਣਾ ਪਦ ਉੱਨਤੀ ਦਾ ਕੇਸ ਸਬੰਧਿਤ ਜਿਲਾ ਸਿੱਖਿਆ ਅਫਸਰਾਂ ਰਾਂਹੀ ਮਿਤੀ 11-01-2016 ਤੱਕ ਇਸ ਦਫਤਰ ਵਿਖੇ ਭੇਜੇਗਾ। ਜੇਕਰ ਇਹ ਕੇਸ ਯੋਗ ਪਾਇਆ ਜਾਂਦਾ ਹੈ ਤਾਂ ਉਸ ਦੀ ਪੱਦ ਉਨਤੀ ਵੀ ਉਪਰੋਕਤ ਹੁਕਮਾਂ/ਮਿਤੀ ਅਨੁਸਾਰ ਹੋਵੇਗੀ।

ਬਲਬੀਰ ਸਿੰਘ
ਡਾਇਰੈਕਟਰ ਸਿੱਖਿਆ ਵਿਭਾਗ (ਸੈ:ਸਿੱ:)ਪੰਜਾਬ।

ਪਿਠ ਅੰਕਣ ਨੰ: ਉਕਤ 6106-6111 ਮਿਤੀ: 30-12-2015

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ।
2. ਡਾਇਰੈਕਟਰ ਜਨਰਲ ਸਕੂਲ ਸਿੱਖਿਆ ਪੰਜਾਬ, ਐਸ.ਏ.ਐਸ. ਨਗਰ।
3. ਡਾਇਰੈਕਟਰ ਸਿੱਖਿਆ ਵਿਭਾਗ (ਐ:ਸਿ)ਪੰਜਾਬ, ਐਸ.ਏ.ਐਸ ਨਗਰ।
4. ਮੰਡਲ ਸਿੱਖਿਆ ਅਫਸਰ ਨਾਭਾ/ਜਲੰਧਰ/ਫਰੀਦਕੋਟ।
5. ਸਮੂਹ ਜਿਲਾ ਸਿੱਖਿਆ ਅਫਸਰ (ਐ:ਸਿ) ਸਬੰਧਤ ਕਰਮਚਾਰੀ ਨੂੰ ਤਰੱਕੀ ਉਪਰੰਤ ਫਾਰਗ ਕਰਨ ਤੋ ਪਹਿਲਾਂ ਉਸ ਦੀਆਂ ਵਿੱਦਿਅਕ ਯੋਗਤਾਵਾਂ ਸਬੰਧੀ ਅਸਲ ਸਰਟੀਫਿਕੇਟ, ਪਿਛਲੇ ਪੰਜ ਸਾਲਾਂ ਦਾ ਸੇਵਾ ਰਿਕਾਰਡ ਚੈੱਕ ਕਰਨ ਅਤੇ ਰਿਕਾਰਡ ਤਸੱਲੀਬਖਸ ਹੋਣ ਉਪਰੰਤ ਕਰਮਚਾਰੀ ਨੂੰ ਫਾਰਗ ਕੀਤਾ ਜਾਵੇ।
6. ਸਮੂਹ ਜਿਲਾ ਸਿੱਖਿਆ ਅਫਸਰ (ਸੈ:ਸਿ) ਸਬੰਧਤ ਕਰਮਚਾਰੀ ਨੂੰ ਤਰੱਕੀ ਉਪਰੰਤ ਹਾਜਰ ਕਰਾਉਣ ਤੋ ਪਹਿਲਾਂ ਉਸ ਦੀਆਂ ਵਿੱਦਿਅਕ ਯੋਗਤਾਵਾਂ ਸਬੰਧੀ ਅਸਲ ਸਰਟੀਫਿਕੇਟ ਸੇਵਾ ਰਿਕਾਰਡ, ਸਾਲਾਨਾ ਗੁਪਤ ਰਿਪੋਰਟਾਂ, ਸਿਕਾਇਤ/ਪੜਤਾਲ ਪੈਡਿੰਗ ਨਾ ਹੋਣ ਸਬੰਧੀ ਰਿਕਾਰਡ ਚੈਕ ਕਰਨਗੇ। ਇਹ ਵੀ ਸੁਨਿਸਚਿਤ ਕੀਤਾ ਜਾਵੇ ਕਿ ਕਰਮਚਾਰੀਆਂ ਦੀਆਂ ਵਿੱਦਿਅਕ ਯੋਗਤਾਵਾਂ /ਡਿਗਰੀਆਂ ਯੂ.ਜੀ.ਸੀ /ਸਰਕਾਰ ਦੀਆਂ ਹਦਾਇਤਾਂ ਅਨੁਸਾਰ ਸਹੀ ਹਨ। ਉਸ ਦਾ ਸੇਵਾ ਰਿਕਾਰਡ ਤਸਲੀਬਖਸ ਨਾ ਹੋਣ ਦੀ ਸੂਰਤ ਵਿਚ ਹਾਜਰ ਨਾ ਕਰਵਾਇਆ ਜਾਵੇ ਸਗੋਂ ਇਸ ਸਬੰਧੀ ਰਿਪੋਰਟ ਡਾਇਰੈਕਟੋਰੇਟ ਨੂੰ ਭੇਜੀ ਜਾਵੇ। ਜਿਹੜੇ ਕਰਮਚਾਰੀ ਨਿਸਚਿਤ ਸਮੇਂ ਅੰਦਰ ਹਾਜਰ ਨਹੀਂ ਹੁੰਦੇ ਉਹਨਾਂ ਦੀ ਸੂਚਨਾ ਤੁਰੰਤ ਡਾਇਰੈਕਟੋਰੇਟ ਨੂੰ ਭੇਜਣਗੇ। ਜਿਹਨਾਂ ਕਰਮਚਾਰੀਆਂ ਨੇ ਪੰਜਾਬ ਰਾਜ ਤੋ ਬਾਹਰਲੀ ਯੂਨੀਵਰਸਿਟੀਆਂ ਤੋ ਵਿੱਦਿਅਕ ਯੋਗਤਾਵਾਂ ਪਾਸ ਕੀਤੀਆਂ ਹਨ ਉਹਨਾਂ ਦੀ ਵੈਰੀਫਿਕੇਸਨ ਦੀ ਸਰਤ ਲਗਾ ਕੇ ਹਾਜਰ ਕਰਵਾਇਆ ਜਾਵੇ। ਉਹਨਾਂ ਦੀਆਂ ਯੋਗਤਾਵਾਂ ਸਬੰਧੀ ਅਸਲ ਸਰਟੀਫਿਕੇਟ ਸਬੰਧਤ ਯੂਨੀਵਰਸਿਟੀ ਤੋਂ ਵੈਰੀਫਾਈ ਕਰਵਾਏ ਜਾਣ। ਇਹ ਪ੍ਰਕਿਰਿਆ ਤਿੰਨ ਮਹੀਨੇ ਦੇ ਅੰਦਰ ਅੰਦਰ ਪੂਰੀ ਕਰ ਲਈ ਜਾਵੇ ਅਤੇ ਇਸ ਦੀ ਰਿਪੋਰਟ ਡਾਇਰੈਕਟੋਰੇਟ ਨੂੰ ਭੇਜੀ ਜਾਵੇ। ਜੇਕਰ ਯੂਨੀਵਰਸਿਟੀ ਦੀ ਕੋਈ ਫੀਸ ਅਦਾ ਕਰਨੀ ਹੋਵੇ ਤਾਂ ਉਹ ਸਬੰਧਤ ਕਰਮਚਾਰੀ ਵੱਲੋਂ ਕੀਤੀ ਜਾਵੇਗੀ।

ਨੋਟ: ਜਿਹਨਾਂ ਕਰਮਚਾਰੀਆਂ ਨੇ ਪੰਜਾਬ ਰਾਜ ਤੋਂ ਵੀ ਡਿਗਰੀਆਂ ਕੀਤੀਆਂ ਹਨ ਉਹ ਵੀ ਸਬੰਧਤ ਯੂਨੀਵਰਸਿਟੀਆਂ ਤੋ ਚੈੱਕ ਕਰਵਾ ਲਈਆਂ ਜਾਣ। ਇਹ ਪ੍ਰਕਿਰਿਆ ਵੀ ਤਿੰਨ ਮਹੀਨੇ ਵਿਚ ਪੂਰੀ ਕਰ ਲਈ ਜਾਵੇ ਅਤੇ ਰਿਪੋਰਟ ਡਾਇਰੈਕਟਰੇਟ ਨੂੰ ਭੇਜੀ ਜਾਵੇ।

30/12/2015
(ਬਲਜਿੰਦਰ ਸਿੰਘ)
ਸਹਾਇਕ ਡਾਇਰੈਕਟਰ (ਸ:ਪ੍ਰ:2)